- ਜੇਰ ਤੇ ਸੁੱਟੇ ਹੋਏ ਬੱਚੇ ਨੂੰ ਦੂਸਰੀਆਂ ਬੱਕਰੀਆਂ ਤੋ ਜਲਦ ਤੋ ਜਲਦ ਦੂਰ ਕਰੋ ਤੇ ਟੋਆ ਪੁਟ ਕੇ ਧਰਤੀ ਹੇਠ ਦੱਬ ਦਿਉ ।
- ਜੇਰ ਤੇ ਸੁੱਟੇ ਹੋਏ ਬੱਚੇ ਨੂੰ ਚੁਕਣ ਲੱਗੇ ਕਰਮਚਾਰੀ ਵੀ ਦਸਤਾਨੇ ਪਾ ਕੇ ਰੱਖੇ ।
- ਜੇਰ ਤੇ ਤੂਏ ਹੋਏ ਬੱਚੇ ਜਾਂ ਬੱਕਰੀ ਦੇ ਖ਼ੂਨ ਦੀ ਜਾਂਚ ਕਰਵਾਉ ।

**ਸੂਤਕੀ ਬੁਖਾਰ (Milk Fever):**

- ਕਾਰਣ- ਕੈਲਸ਼ੀਅਮ ਦੀ ਕਮੀ।
- ਕੈਲਸ਼ੀਅਮ ਦੀ ਖ਼ੂਨ ਵਿੱਚ ਘਾਟ ਹੋ ਜਾਂਦੀ ਹੈ।
- ਸ਼ਰੀਰ ਦਾ ਤਾਪਮਾਨ ਘੱਟ ਜਾਂਦਾ ਹੈ।
- ਸੂਤਕੀ ਬੁਖਾਰ ਸੂਣ ਵੇਲੇ ਜਾਂ ਸੂਣ ਤੋਂ ਪਹਿਲਾਂ ਜਾਂ ਸੂਣ ਤੋ ਬਾਅਦ ਕਦੇ ਵੀ ਹੋ ਸਕਦਾ ਹੈ।
- ਗੱਭਣ ਬੱਕਰੀਆਂ ਨੂੰ ਕੈਲਸ਼ੀਅਮ/ਧਾਂਤਾਂ ਦਾ ਚੂਰਾ ਸਹੀ ਮਾਤਰਾ ਵਿਚ ਪਾਉ।
- ਸੂਤਕੀ ਬੁਖਾਰ ਹੋਣ ਤੇ ਕੈਲਸ਼ੀਅਮ ਦਾ ਟੀਕਾ ਨਾੜ ਵਿਚ ਲੱਗਦਾ ਹੈ ਜਾਂ ਫਿਰ ਚਮੜੀ 'ਚ ਲਗਦਾ ਹੈ ਇਸ ਲਈ ਤੁਰੰਤ ਡਾਕਟਰ ਦੀ ਸਹਾਇਤਾ ਲਈ ਜਾਵੇ ।

**ਸੂਣ ਵਿਚ ਪਰੇਸ਼ਾਨੀ ਦੇ ਕਾਰਣ:**

- ਬੱਚੇਦਾਨੀ ਦਾ ਮੂੰਹ ਨਾ ਖੁਲਣਾ ।
- ਬੱਚੇ ਦਾ ਮਰਿਆ ਹੋਣਾ ।
- ਬੱਚੇ ਦੀ ਬਣਤਰ ਵਿਚ ਨੁਕਸ।
- ਬਹੁਤ ਵੱਡਾ ਬੱਚਾ।
- ਬੱਚੇ ਦਾ ਬੱਚੇਦਾਨੀ ਵਿਚ ਸਹੀ ਜਗਾ ਨਾ ਹੋਣਾ।
- ਬੱਕਰੀ ਦਾ ਪਿੱਛਾ ਛੋਟਾ ਹੋਣਾ।

➢ ਸੂਣ ਵਿਚ ਆਈ ਪਰੇਸ਼ਾਨੀ ਇਕ ਐਮਰਜੈਂਸੀ ਹੈ ਕਿਉਂਕਿ ਇਹ ਬੱਚੇ ਤੇ ਮਾਂ ਦੋਵਾਂ ਲਈ ਜਾਨਲੇਵਾ ਹੈ।

➢ ਜੇਕਰ ਬੱਕਰੀ ਸੂਣ ਨੂੰ ½ ਘੰਟੇ ਤੋਂ ਜਿਆਦਾ ਵਕਤ ਲਾਵੇ ਤਾ ਡਾਕਟਰੀ ਸਹਾਇਤਾ ਦੀ ਜਰੂਰਤ ਹੈ।

**ਜੇਰ ਨਾ ਪੈਣਾ:**

- ਜੇਰ **12** ਘੰਟੇ ਵਿਚ ਪੈ ਜਾਣੀ ਚਾਹੀਦੀ ਹੈ।
- ਜੇਰ ਨਾ ਪੈਣ ਦੇ ਕਈ ਕਾਰਣ ਹਨ ਜਿਵੇਂ ਕਿ ਕੈਲਸ਼ੀਅਮ ਦੀ ਘਾਟ, ਬੱਚੇਦਾਨੀ ਦੀ ਸੋਜ, ਬੱਚਾ ਸੁਟਣਾ ਆਦਿ।
- ਜੇਰ ਨੂੰ ਖਿੱਚਣਾ ਨਹੀਂ ਚਾਹੀਦਾ ਤੇ ਡਾਕਟਰੀ ਸਹਾਇਤਾ ਲੈਣੀ ਚਾਹੀਦੀ ਹੈ।

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,
ਲੁਧਿਆਣਾ-141004
ਫੋਨ : 0161-2414005, 2414026

# ਬੱਕਰੀਆਂ ਦੀਆਂ ਪ੍ਰਜਨਣ ਸਮੱਸਿਆਵਾਂ

# REPRODUCTIVE PROBLEMS OF GOAT



ਡਾ. ਬਿਲਾਵਲ ਸਿੰਘ
ਡਾ. ਖੁਸ਼ਪ੍ਰੀਤ ਸਿੰਘ
ਡਾ. ਰਾਜੇਸ਼ ਕਸਰੀਜਾ
ਡਾ. ਜਸਵਿੰਦਰ ਸਿੰਘ
ਡਾ. ਸੁਰੇਸ਼ ਕੁਮਾਰ ਕਾਂਸਲ
ਡਾ. ਹਰੀਸ਼ ਕੁਮਾਰ ਵਰਮਾ

FFP FOLDER - 13

**ACKNOWLEDGMENT**
We are highly thankful to Farmer FIRST Programme, ICAR, New Delhi for providing financial assistance to publish this folder for the benefit of farmers.

ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ,
ਲੁਧਿਆਣਾ-141004

ਬੱਕਰੀ ਪਾਲਣ ਵਿਚ ਮੁਨਾਫਾ ਬੱਕਰੀਆਂ ਦੀ ਪ੍ਰਜਨਣ ਸ਼ਕਤੀ ਤੇ ਨਿਰਭਰ ਕਰਦਾ ਹੈ। ਜੇਕਰ ਬੱਕਰੀ ਪਾਲਣ ਲਈ ਸੁਚੱਜੇ ਪ੍ਰਜਨਣ ਪ੍ਰਬੰਧ ਵੱਲ ਨਾ ਗੌਰ ਕੀਤਾ ਜਾਵੇ ਤਾ ਇਹ ਕਿੱਤਾ ਘਾਟੇ ਵੱਲ ਨੂੰ ਵੀ ਤੁਰ ਪੈਂਦਾ ਹੈ। ਬੱਕਰੀ ਹਰ ਸੂਏ **2** ਬੱਚੇ ਪੈਦਾ ਕਰੇ ਤਾ ਉਸ ਬੱਕਰੀ ਦੀ ਪ੍ਰਜਨਣ ਸ਼ਕਤੀ ਬਹੁਤ ਵਧੀਆ ਕਹੀ ਜਾਂਦੀ ਹੈ। ਦੁੱਧ ਅਤੇ ਮੀਟ ਲਈ ਬੱਕਰੀ ਦਾ ਸੂਣਾ ਬਹੁਤ ਜਰੂਰੀ ਹੈ ਅਤੇ ਸੂਣ ਕਰਕੇ ਹੀ ਉਤਪਾਦਨ ਹੋਣਾ ਹੈ।

- ਬੱਕਰੀਆਂ **7-8** ਮਹੀਨੇ ਦੀ ਉਮਰ ਤੇ ਹੇਹੇ ਵਿਚ ਆ ਜਾਂਦੀਆਂ ਹਨ।
- ਬੱਕਰੀਆਂ ਆਮ ਤੌਰ ਤੇ ਸਰਦੀਆਂ ਵਿਚ ਹੇਹੇ ਚ ਆਉਂਦੀਆਂ ਹਨ।
- ਹੇਹਾ ਚੱਕਰ **21-22** ਦਿਨਾਂ ਦਾ ਹੁੰਦਾ ਹੈ ।
- ਹੇਹੇ ਚੱਕਰ ਦੌਰਾਨ ਅੰਡੇਦਾਨੀ ਉੱਤੇ ਕੁਝ ਕੁ ਅੰਡੇ ਵੱਡੇ ਹੋ ਜਾਂਦੇ ਹਨ ।
- ਇਹ ਅੰਡੇ ਇਕ ਰਸਾਇਣ (**ESTROGEN**) ਬਣਾਂਉਦੇ ਹਨ ਜਿਸ ਨਾਲ ਹੇਹਾ ਪ੍ਰਗਟ ਹੁੰਦਾ ਹੈ ਅਤੇ ਹੇਹੇ ਦੀਆਂ ਨਿਸ਼ਾਨੀਆਂ ਹੇਠ ਲਿਖੇ ਅਨੁਸਾਰ ਹੁੰਦੀਆਂ ਹਨ।

### ਹੇਹੇ ਦੇ ਲੱਛਣ:

- ਸੂਅ ਦਾ ਸੁਜਣਾ ਤੇ ਤਾਰਾਂ ਦੇਣੀਆਂ
- ਮਿਆਕਣਾ
- ਸਾਥੀ ਬੱਕਰੀਆਂ ਉਪਰ ਚੜਨਾ
- ਘੱਟ ਖਾਣਾ ਤੇ ਦੁੱਧ ਘੱਟ ਦੇਣਾ
- ਬੱਕਰੇ ਕੋਲ ਜਾ ਕੇ ਬਾਰ ਬਾਰ ਪਿਸ਼ਾਬ ਕਰਨਾ

➢ ਦਿਨ ਵਿਚ **2** ਵਾਰ ਹੇਹੇ ਦੀਆਂ ਨਿਸ਼ਾਨੀਆਂ ਲਈ ਦੇਖੋ।

➢ ਹਿਸਾਬ ਕਿਤਾਬ – **18-19** ਦਿਨਾਂ ਬਾਦ ਹੇਹੇ ਦੀਆਂ ਨਿਸ਼ਾਨੀਆਂ ਲਈ ਗੌਰ ਨਾਲ ਦੇਖੋ।

### ਬੱਕਰੀਆਂ ਨੂੰ ਹੇਹੇ ਚ ਲੈ ਕੇ ਆਉਣਾ:

- **1** ਬੱਕਰਾ **25-30** ਬੱਕਰੀਆਂ ਪਿੱਛੇ ਛੱਡਿਆ ਜਾਵੇ।
- ਲਗਭਗ **7-10** ਦਿਨਾਂ ਵਿਚ ਬੱਕਰੀਆਂ ਹੇਹੇ ਵਿਚ ਆ ਜਾਦੀਆਂ ਹਨ।
- ਬੱਕਰੇ ਦੀ ਹੋਂਦ ਨਾਲ ਜੋਰ ਵਾਲਾ ਹੇਹਾ ਜਾ ਹੇਹੇ ਦੀ ਤੀਬਰਤਾ ਵਿਚ ਵਾਧਾ ਹੁੰਦਾ ਹੈ।
- ਬੱਕਰੀਆਂ ਨੂੰ ਸਮੇਂ ਸਿਰ ਮਲੱਪਾ ਦੀ ਦਵਾਈ ਦਿਉ।
- ਸੰਤੁਲਿਤ ਖੁਰਾਕ ਪਾਓ (1-2% ਧਾਤਾਂ ਦਾ ਚੂਰਾ)।
- ਘਾਤਕ ਬਿਮਾਰੀਆਂ ਖਿਲਾਫ ਟੀਕਾਕਰਨ ਕਰਵਾਉ।

### ਬੱਕਰੀਆਂ ਨੂੰ ਆਸ ਕਰਵਾਉਣ ਦਾ ਸਮਾਂ:

- ਹੇਹੇ ਦਾ ਸਮਾਂ **24-30** ਘੰਟੇ ਦਾ ਹੁੰਦਾ ਹੈ ।
- ਹੇਹੇ ਦੇ ਸ਼ੁਰੂ ਹੋਣ ਤੋ **12** ਘੰਟੇ ਬਾਅਦ ਬੱਕਰੀਆਂ ਨੂੰ ਆਸ ਕਰਵਾਉਣਾ ਚਾਹੀਦਾ ਹੈ।





### ਵਾਰ ਵਾਰ ਫਿਰਨਾ ਜਾਂ ਗੱਭਣ ਨਾ ਰਹਿਣਾ:

- ਇਸ ਸਮੱਸਿਆ ਦੇ ਕਈ ਕਾਰਨ ਹਨ ਜਿਵੇਂ ਕਿ ਬੱਚੇਦਾਨੀ ਵਿਚ ਲਾਗ, ਅੰਡੇਦਾਨੀ ਵਿਚੋਂ ਆਂਡੇ ਦਾ ਸਮੇਂ ਸਿਰ ਨਹੀਂ ਨਿਕਲਣਾ, ਆਂਡੇਦਾਨੀ ਉੱਪਰ ਵੱਡੇ ਛਾਲੇ ਦਾ ਹੋਣਾ, ਮਾੜੀ ਖੁਰਾਕ ਆਦਿ।
- ਡਾਕਟਰੀ ਸਹਾਇਤਾ ਨਾਲ ਬੱਕਰੀ ਨੂੰ ਰਸਾਇਣਿਕ ਟੀਕੇ ਲਗਾ ਕੇ ਵਾਰ ਵਾਰ ਫਿਰਨ ਦੀ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

### ਮਿਥਿਆ ਗਰਭ (Pseudopregnancy):

- ਖਾਲੀ ਹੋਣ ਦੇ ਬਾਵਜੂਦ ਵੀ ਗੱਭਣ ਦੇ ਲਛਣ ਆਉਂਦੇ ਹਨ ਅਤੇ ਬੱਕਰੀ ਢਿੱਡੋ ਭਾਰੀ ਹੋ ਜਾਂਦੀ ਹੈ।
- ਬੱਚੇਦਾਨੀ ਵਿੱਚ ਪਾਣੀ ਵਰਗਾ ਪਦਾਰਥ ਭਰ ਜਾਂਦਾ ਹੈ।
- ਇਹ ਸਮੱਸਿਆ ਆਪਣੇ ਆਪ ਹੀ ਠੀਕ ਹੋ ਜਾਂਦੀ ਹੈ ਨਹੀਂ ਤਾਂ ਡਾਕਟਰ ਤੋਂ ਇਲਾਜ ਕਰਵਾਇਆ ਜਾਵੇ।
- ਸਕੈਨਿੰਗ ਅਤੇ ਐਕਸ-ਰੇ ਰਾਹੀਂ ਗੱਭਣ ਦੀ ਜਾਂਚ ਕਰਵਾਈ ਜਾ ਸਕਦੀ ਹੈ।

### ਤੂਅ ਜਾਣ ਦੀ ਸਮੱਸਿਆ:

- ਤੂਅ ਜਾਣ ਦੀ ਸਮੱਸਿਆ ਛੂਤੀ ਬਿਮਾਰੀਆਂ ਕਾਰਣ ਜਾਂ ਅਛੂਤੀ ਬਿਮਾਰੀਆਂ ਕਾਰਣ ਹੋ ਸਕਦੀ ਹੈ।
- ਸਭ ਤੋਂ ਮਹੱਤਵਪੂਰਨ ਬਿਮਾਰੀ ਹੈ- ਬਰੂਸੀਲੋਸਿਸ (**Brucellosis**) ।
- ਇਹ ਬਿਮਾਰੀ ਬਰੂਸੈਲਾ ਨਾਮ ਦੇ ਕੀਟਾਣੂ ਕਰਕੇ ਹੁੰਦੀ ਹੈ।
- ਬੱਕਰੀ ਸੂਣ ਤੋ **2** ਮਹੀਨੇ ਪਹਿਲਾਂ ਬੱਚਾ ਸੁੱਟ ਜਾਂਦੀ ਹੈ।
- ਇਸ ਬਿਮਾਰੀ ਦਾ ਸਭ ਤੋਂ ਵੱਧ ਨੁਕਸਾਨ ਵੱਡੇ ਵੱਗ ਵਿੱਚ ਹੁੰਦਾ ਹੈ ਜਿੱਥੇ ਬਹੁਤ ਸਾਰੀਆ ਗੱਭਣ ਬੱਕਰੀਆਂ ਇਕੋ ਵੇਲੇ ਤੂਅ ਜਾਂਦੀਆਂ ਹਨ।
- ਜਦੋਂ ਬੱਕਰੀ ਤੂਅ ਜਾਂਦੀ ਹੈ ਤਾਂ ਇਸ ਬਿਮਾਰੀ ਦੇ ਜਰਾਸੀਮ ਮਰੇ ਹੋਏ ਬੱਚੇ ਦੇ ਨਾਲ ਬਾਹਰ ਆ ਜਾਂਦੇ ਹਨ ਅਤੇ ਨਾਲ ਦੇ ਪਸ਼ੂਆਂ ਨੂੰ ਲਾਗ ਲਗਦੀ ਹੈ।
- ਬੱਚੇ ਸੁੱਟਣ ਵਾਲੀਆਂ ਬੱਕਰੀਆਂ ਨੂੰ ਅੱਢ ਕਰ ਦਿਉ।